ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times | 23 ਨਵੰਬਰ 2026 ਦਿਨ ਸੋਮਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਕੈਨੇਡਾ ਤੋਂ ਪਾਕਿਸਤਾਨ ਪਹੁੰਚੇ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ, ਅੱਠਵੀਂ ਵਿਸ਼ਵ ਪੰਜਾਬੀ ਕਾਨਫਰੰਸ ਸਮੇਤ ਵੱਖ-ਵੱਖ ਸਮਾਗਮਾਂ ਵਿੱਚ ਕੀਤੀ ਸ਼ਮੂਲੀਅਤ

ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਪ੍ਰਚਾਰ-ਪ੍ਰਸਾਰ ਲਈ ਡਾ. ਕਥੂਰੀਆ ਦੀ ਪਾਕਿਸਤਾਨ ਫੇਰੀ ਬਣ ਰਹੀ ਹੈ ਵਿਸ਼ੇਸ਼ ਖਿੱਚ ਦਾ ਕੇਂਦਰ



ਲਾਹੌਰ (ਪਾਕਿਸਤਾਨ), 23 ਨਵੰਬਰ : ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਨੂੰ ਆਪਣੀ ਮਾਂ-ਬੋਲੀ, ਅਮੀਰ ਵਿਰਾਸਤ ਅਤੇ ਸੱਭਿਆਚਾਰ ਨਾਲ ਜੋੜਨ ਲਈ ਨਿਰੰਤਰ ਯਤਨਸ਼ੀਲ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਦੀ ਪਾਕਿਸਤਾਨ ਫੇਰੀ ਪੰਜਾਬੀਅਤ ਦੇ ਪੱਖ ਤੋਂ ਵਿਸ਼ੇਸ਼ ਮਹੱਤਵ ਰੱਖਦੀ ਹੈ। ਕੈਨੇਡਾ ਤੋਂ ਪਾਕਿਸਤਾਨ ਪਹੁੰਚਣ 'ਤੇ ਉਨ੍ਹਾਂ ਦਾ ਪੰਜਾਬੀ ਪ੍ਰੇਮੀਆਂ, ਸਮਾਜਿਕ ਅਤੇ ਸਾਹਿਤਕ ਸ਼ਖ਼ਸੀਅਤਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਉਨ੍ਹਾਂ 'ਤੇ ਫੁੱਲਾਂ ਦੀ ਵਰਖਾ ਕਰਕੇ ਪੰਜਾਬੀ ਸੱਭਿਆਚਾਰ ਦੀਆਂ ਰਵਾਇਤਾਂ ਅਨੁਸਾਰ ਸਤਿਕਾਰ ਪ੍ਰਗਟਾਇਆ ਗਿਆ। ਡਾ. ਦਲਬੀਰ ਸਿੰਘ ਕਥੂਰੀਆ ਨੇ 19 ਨਵੰਬਰ ਨੂੰ ਸ਼ੇਖੂਪੁਰਾ ਜ਼ਿਲ੍ਹੇ ਦੇ ਅਜਨੀਆਂਵਾਲਾ ਵਿਖੇ ਸੁਲਤਾਨ ਗ੍ਰੀਡ ਮਾਰਕੀ ਵਿੱਚ ਕਰਵਾਈ ਗਈ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਚੌਧਰੀ ਹਸਨੈਨ ਅਕਬਰ ਜੱਟ ਥਾਥਾ ਗਰੁੱਪ, ਮੀਆਂ ਆਸਿਫ਼ ਅਲੀ, ਚੌਧਰੀ ਮੁਹੰਮਦ ਸਾਦਿਕ ਗੁਲ, ਮੀਆਂ ਜ਼ਾਹਿਦ, ਰਿਜ਼ਵਾਨ ਅਹਿਮਦ ਸਿੰਧੂ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ।



ਇਸ ਤੋਂ ਇਲਾਵਾ ਡਾ. ਕਥੂਰੀਆ ਵੱਲੋਂ ਪਾਕਿਸਤਾਨ ਦੌਰੇ ਦੌਰਾਨ ਵੱਖ-ਵੱਖ ਸਮਾਜਿਕ, ਸਾਹਿਤਕ ਅਤੇ ਸੱਭਿਆਚਾਰਕ ਸਮਾਗਮਾਂ ਵਿੱਚ ਸ਼ਮੂਲੀਅਤ ਕੀਤੀ ਜਾ ਰਹੀ ਹੈ। 23 ਨਵੰਬਰ ਨੂੰ ਲਾਹੌਰ ਦੇ ਪੰਜਾਬ ਇੰਸਟੀਚਿਊਟ ਆਫ਼ ਲੈਂਗੂਏਜ, ਆਰਟ ਐਂਡ ਕਲਚਰ (PILAC), ਕੁਦਾਫ਼ੀ ਸਟੇਡੀਅਮ ਵਿਖੇ ਹੋਣ ਵਾਲੀ ਅੱਠਵੀਂ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਵੀ ਉਨ੍ਹਾਂ ਦੀ ਸ਼ਮੂਲੀਅਤ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇਗੀ।

ਡਾ. ਕਥੂਰੀਆ ਦੀ ਇਹ ਫੇਰੀ ਸਿਰਫ਼ ਇੱਕ ਵਿਦੇਸ਼ੀ ਦੌਰਾ ਨਹੀਂ, ਸਗੋਂ ਦੋਵਾਂ ਪੰਜਾਬਾਂ ਦੇ ਲੋਕਾਂ ਨੂੰ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਸਾਂਝੀ ਵਿਰਾਸਤ ਦੇ ਧਾਗੇ ਨਾਲ ਜੋੜਨ ਦਾ ਇੱਕ ਸਾਰਥਕ ਉਪਰਾਲਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਪੰਜਾਬੀ ਭਾਸ਼ਾ ਕਿਸੇ ਇੱਕ ਦੇਸ਼, ਸਰਹੱਦ ਜਾਂ ਖਿੱਤੇ ਦੀ ਮੋਹਤਾਜ ਨਹੀਂ, ਸਗੋਂ ਦੁਨੀਆ ਭਰ ਵਿੱਚ ਵੱਸਦੇ ਪੰਜਾਬੀਆਂ ਦੀ ਸਾਂਝੀ ਪਛਾਣ ਹੈ।

ਵਿਸ਼ਵ ਪੰਜਾਬੀ ਸਭਾ ਕੈਨੇਡਾ ਰਾਹੀਂ ਡਾ. ਕਥੂਰੀਆ ਵੱਲੋਂ ਪੰਜਾਬੀ ਮਾਂ-ਬੋਲੀ ਦੇ ਪ੍ਰਚਾਰ, ਨਵੀਂ ਪੀੜ੍ਹੀ ਨੂੰ ਪੰਜਾਬੀ ਨਾਲ ਜੋੜਨ ਅਤੇ ਵਿਸ਼ਵ ਪੱਧਰ 'ਤੇ ਪੰਜਾਬੀ ਸਾਹਿਤਕਾਰਾਂ ਤੇ ਸੱਭਿਆਚਾਰਕ ਸ਼ਖ਼ਸੀਅਤਾਂ ਨੂੰ ਇੱਕ ਮੰਚ 'ਤੇ ਲਿਆਉਣ ਲਈ ਕੀਤੇ ਜਾ ਰਹੇ ਯਤਨ ਸ਼ਲਾਘਾਯੋਗ ਹਨ।

ਉਨ੍ਹਾਂ ਦੀ ਇਹ ਪਹਿਲਕਦਮੀ ਇੱਕ ਪ੍ਰੇਰਣਾਦਾਇਕ ਸੁਨੇਹਾ ਦਿੰਦੀ ਹੈ ਕਿ ਭਾਵੇਂ ਪੰਜਾਬੀ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਵੱਸਦੇ ਹੋਣ, ਆਪਣੀ ਮਾਂ-ਬੋਲੀ ਅਤੇ ਵਿਰਾਸਤ ਨਾਲ ਜੁੜੇ ਰਹਿਣਾ ਹੀ ਉਨ੍ਹਾਂ ਦੀ ਅਸਲ ਪਛਾਣ ਹੈ। ਸਰਹੱਦਾਂ ਭਾਵੇਂ ਦੇਸ਼ਾਂ ਨੂੰ ਵੰਡ ਸਕਦੀਆਂ ਹਨ, ਪਰ ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਪਿਆਰ ਦੇ ਰਿਸ਼ਤਿਆਂ ਨੂੰ ਕਦੇ ਵੰਡ ਨਹੀਂ ਸਕਦੀਆਂ।

ਪੰਜਾਬੀ ਜਿੱਥੇ ਵੀ ਵੱਸਦੇ ਹਨ, ਪੰਜਾਬੀਅਤ ਉੱਥੇ ਹੀ ਵੱਸਦੀ ਹੈ।

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਆਨਲਾਈਨ ਕਵੀ ਦਰਬਾਰ

ਵਰਲਡ ਪੰਜਾਬੀ ਟਾਈਮਜ਼ ਸਰਬਜੀਤ ਸਿੰਘ ਜਰਮਨੀ

ਕੌਮਾਂਤਰੀ ਪੰਜਾਬੀ ਕਾਫ਼ਲਾ ਇਟਲੀ ਵੱਲੋਂ ਅੱਜ ਦਿਨ ਐਤਵਾਰ 22/11/26 ਨੂੰ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 557ਵੇਂ ਪਾਵਨ ਪ੍ਰਕਾਸ਼ ਪੁਰਬ ਨੂੰ ਸਮਰਪਿਤ ਆਨਲਾਈਨ ਕਵੀ ਦਰਬਾਰ ਕਰਵਾਇਆ ਗਿਆ। ਇਸ ਔਨਲਾਈਨ ਸਾਹਿਤਕ ਸਮਾਗਮ ਵਿੱਚ ਇਟਲੀ, ਅਮਰੀਕਾ, ਜਰਮਨੀ, ਇੰਗਲੈਂਡ ਅਤੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ ਲਗਭਗ 17 ਕਵੀ ਕਵਿਤਰੀਆਂ ਨੇ ਭਾਗ ਲਿਆ। ਜਿਨ੍ਹਾਂ ਨੇ ਆਪਣੀਆਂ ਕਵਿਤਾਵਾਂ, ਗੀਤਾਂ ਅਤੇ ਗਜ਼ਲਾਂ ਰਾਹੀਂ ਗੁਰੂ ਸਾਹਿਬ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਕਵੀ ਦਰਬਾਰ ਦੀ ਸ਼ੁਰੂਆਤ ਵਿੱਚ ਕਾਫ਼ਲਾ ਪ੍ਰਧਾਨ ਨਾਵਲਕਾਰ ਬਿੰਦਰ ਕੋਲੀਆਂ ਵਾਲ ਜੀ(ਇਟਲੀ) ਨੇ ਸਾਰੇ ਕਵੀ ਕਵਿੱਤਰੀਆਂ ਨੂੰ ਜੀ ਆਇਆਂ ਆਖਿਆ। ਕਵਿੱਤਰੀ ਪੋਲੀ ਬਰਾੜ ਜੀ (ਅਮਰੀਕਾ) ਨੇਂ ਸ਼ੁਰੂਆਤੀ ਬੋਲਾਂ ਵਿੱਚ ਗੁਰੂ ਸਾਹਿਬ ਜੀ ਬਾਰੇ ਜਾਣਕਾਰੀ ਸਾਂਝੀ ਕੀਤੀ। ਕਵੀ ਦਰਬਾਰ ਦਾ ਸੰਚਾਲਨ ਗ਼ਜ਼ਲਗੋ ਮੁਖਤਾਰ ਸਿੰਘ ਚੰਦੀ ਜੀ(ਗੁਰੂ ਨਗਰੀ ਸੁਲਤਾਨਪੁਰ ਲੋਧੀ) ਵਲੋਂ ਬਹੁਤ ਪਿਆਰੇ ਅੰਦਾਜ਼ ਵਿੱਚ ਕੀਤਾ ਤੇ ਗੁਰੂ ਸਾਹਿਬ ਜੀ ਦੇ ਜੀਵਨ, ਵਿਆਹ, ਉਦਾਸੀਆਂ ਬਾਰੇ ਵੀ ਨਾਲ ਨਾਲ ਚਾਨਣਾ ਪਾਇਆ।



ਇਸ ਮੌਕੇ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਗੁਰੂ ਨਾਨਕ ਦੇਵ ਜੀ ਦੀਆਂ ਮਹਾਨ ਸਿੱਖਿਆਵਾਂ ਅਤੇ ਫਲਸਫ਼ੇ ਨੂੰ ਬਹੁਤ ਹੀ ਭਾਵਪੂਰਤ ਢੰਗ ਨਾਲ ਪੇਸ਼ ਕੀਤਾ। ਗੁਰੂ ਸਾਹਿਬ ਵੱਲੋਂ ਦਿੱਤਾ ਗਿਆ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਦਾ ਸਿਧਾਂਤ ਅੱਜ ਵੀ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰਾ ਹੈ।

ਗੁਰੂ ਸਾਹਿਬ ਨੇ ਜਾਤ-ਪਾਤ, ਉਚ-ਨੀਚ, ਧਾਰਮਿਕ ਭੇਦਭਾਵ ਅਤੇ ਅੰਧਵਿਸ਼ਵਾਸਾਂ ਤੋਂ ਉੱਪਰ ਉੱਠ ਕੇ ਮਨੁੱਖਤਾ ਨਾਲ ਪਿਆਰ ਕਰਨ, ਸੱਚ ਦੇ ਮਾਰਗ 'ਤੇ ਚੱਲਣ, ਇਸਤਰੀ ਦਾ ਸਤਿਕਾਰ ਕਰਨ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੱਤਾ ਹੈ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਵਿਚਾਰਧਾਰਾ ਅੱਜ ਵੀ ਸਮਾਜ ਨੂੰ ਆਪਸੀ ਪਿਆਰ ਸਤਿਕਾਰ, ਸਰਵ-ਸਾਂਝੀਵਾਲਤਾ, ਬਰਾਬਰਤਾ ਅਤੇ ਸੇਵਾ ਦੀ ਪ੍ਰੇਰਨਾ ਦਿੰਦੀ ਹੈ। ਕੌਮਾਂਤਰੀ ਪੰਜਾਬੀ ਕਾਫ਼ਲਾ ਇਟਲੀ ਵੱਲੋਂ ਕੀਤਾ ਗਿਆ ਇਹ ਉਪਰਾਲਾ ਵਿਦੇਸ਼ਾਂ ਵਿੱਚ ਪੰਜਾਬੀ ਮਾਂ-ਬੋਲੀ, ਸਾਹਿਤ ਅਤੇ ਗੁਰਮਤਿ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਦੇ ਨਾਲ-ਨਾਲ ਨਵੀਂ ਪੀੜ੍ਹੀ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਨ ਦਾ ਵੀ ਇੱਕ ਸਾਰਥਕ ਯਤਨ ਵੀ ਹੈ। ਔਨਲਾਈਨ ਸੁਣਦੇ ਸਰੋਤਿਆਂ ਵਲੋਂ ਬਹੁਤ ਪਿਆਰੀਆਂ ਟਿੱਪਣੀਆਂ ਨਾਲ ਸਾਰਿਆਂ ਦੀ ਹੌਸਲਾ ਅਫਜਾਈ ਕੀਤੀ ਗਈ।ਨਵੀਂ ਭਾਸ਼ਾ ਸਿੱਖੇ

ਇਸ ਕਵੀ ਦਰਬਾਰ ਵਿੱਚ ਨਾਵਲਕਾਰ ਬਿੰਦਰ ਕੋਲੀਆਂ ਵਾਲ (ਇਟਲੀ), ਕਵਿੱਤਰੀ ਪੋਲੀ ਬਰਾੜ (ਅਮਰੀਕਾ), ਲੇਖਕਾਂ ਪ੍ਰਕਾਸ਼ ਕੌਰ (ਅਮਰੀਕਾ), ਲੇਖਕ ਨਛੱਤਰ ਸਿੰਘ ਭੋਗਲ (ਇੰਗਲੈਂਡ), ਗ਼ਜ਼ਲਗੋ ਮੁਖਤਾਰ ਸਿੰਘ ਚੰਦੀ (ਸੁਲਤਾਨਪੁਰ ਲੋਧੀ) , ਪੱਤਰਕਾਰ ਜਸਵੀਰ ਸਿੰਘ ਝੱਜ (ਲੁਧਿਆਣਾ), ਕਲਾਕਾਰ ਮੰਗਤ ਖਾਨ (ਪਟਿਆਲਾ), ਲੇਖਕ ਸਰਦੂਲ ਸਿੰਘ ਭੱਲਾ (ਪਟਿਆਲਾ), ਗੀਤਕਾਰ ਅੰਮ੍ਰਿਤਪਾਲ ਸਿੰਘ (ਇਟਲੀ), ਲੇਖਕ ਪ੍ਰਗਟ ਸਿੰਘ ਬਾਗੀ (ਮੋਗਾ), ਲੇਖਕਾਂ ਪ੍ਰੀਤਮਾ ਜੀ (ਦਿੱਲੀ), ਲੇਖਕ ਬਲਵੀਰ ਸਿੰਘ ਲਹਿਰੀ (ਤਰਨ ਤਾਰਨ), ਲੇਖਕ ਗੁਰਪ੍ਰੀਤ ਸਿੰਘ ਬੀੜ (ਪੰਜਾਬ), ਲੇਖਕ ਗੁਰਸੇਵਕ ਸਿੰਘ ਢਿੱਲੋਂ (ਭੈਣੀ ਸਾਹਿਬ), ਲੇਖਕ ਤਵਿੰਦਰ ਸਿੰਘ (ਪੰਜਾਬ), ਲੇਖਕ ਮਨਮੀਤ ਮੀਤ (ਪੰਜਾਬ), ਗੀਤਕਾਰ ਸੋਹਣ ਸਿੰਘ ਝੱਮਟ (ਪੰਜਾਬ), ਬੀਬਾ ਸਰਬਜੀਤ ਸਿੰਘ (ਜਰਮਨੀ) ਸ਼ਾਮਲ ਹੋਏ ਤੇ ਗੁਰੂ ਨਾਨਕ ਸਾਹਿਬ ਜੀ ਦੀ ਮਹਿਮਾ ਗਾਈ।

ਡਾ. ਅਨੂਪ ਸਿੰਘ ਬਟਾਲਾ ਤੇ ਸ. ਸੁੱਚਾ ਸਿੰਘ ਰੰਧਾਵਾ ਦੀਆਂ ਚਾਰ ਸੱਜਰੀਆਂ ਕਿਤਾਬਾਂ ਲੁਧਿਆਣਾ ਵਿੱਚ ਪ੍ਰੋ. ਗੁਰਭਜਨ ਸਿੰਘ ਗਿੱਲ ਵੱਲੋਂ ਪਾਠਕ ਅਰਪਣ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ: 23 ਨਵੰਬਰ : ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੂੰ ਲੁਧਿਆਣਾ ਵਿੱਚ ਅੱਜ ਡਾ. ਅਨੂਪ ਸਿੰਘ ਬਟਾਲਾ ਨੇ ਆਪਣੀਆਂ ਦੋ ਸੱਜਰੀਆਂ ਕਿਤਾਬਾਂ "ਹੁਣ" ਤੇ "ਸਾਧਨਾ" ਅਤੇ ਸ. ਸੁੱਚਾ ਸਿੰਘ ਰੰਧਾਵਾ ਫਤਹਿਗੜ੍ਹ ਚੂੜੀਆਂ ਨੇ ਕਾਵਿ ਸੰਗ੍ਰਹਿ "ਇੰਝ ਲੱਗਦੈ" ਤੇ ਭਾਈ ਮਹਾਰਾਜ ਸਿੰਘ ਨੌਰੰਗਾਬਾਦ ਬਾਰੇ ਜੀਵਨੀ ਮੂਲਕ ਨਾਵਲ ਨਮੀ ਚਾਰ ਕਿਤਾਬਾਂ ਭੇਂਟ ਕੀਤੀਆਂ। ਇਨ੍ਹਾਂ ਕਿਤਾਬਾਂ ਤੇ ਇਨ੍ਹਾਂ ਦੇ ਲੇਖਕਾਂ ਬਾਰੇ ਗੱਲਬਾਤ ਕਰਦਿਆਂ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਡਾ. ਅਨੂਪ ਸਿੰਘ ਵਿਸ਼ਲੇਸ਼ਣੀ ਨੀਝ ਵਾਲਾ ਮਾਰਕਸੀ ਸੋਚ ਨੂੰ ਪ੍ਰਣਾਇਆ ਵਾਰਤਕਕਾਰ ਹੈ ਜਿਸਨੇ ਪਿਛਲੇ ਚਾਰ ਦਹਾਕਿਆਂ ਵਿੱਚ ਖੋਜ ਮੂਲਕ ਲਿਖਤਾਂ ਤੋਂ ਇਲਾਵਾ ਸਿਰਜਣਾਤਮਕ ਵਾਰਤਕ ਲਿਖ ਕੇ ਪੰਜਾਬੀ ਸਾਹਿੱਤ ਨੂੰ ਭਰਪੂਰ ਕੀਤਾ ਹੈ। ਸ. ਸੁੱਚਾ ਸਿੰਘ ਰੰਧਾਵਾ ਨੇ ਵੀ ਆਪਣੀਆਂ ਲਿਖਤਾਂ ਨੂੰ ਨਾਵਲ ਰਚਨਾ ਤੇ ਕਾਵਿ ਰਚਨਾ ਦੇ ਦੁਆਲੇ ਹੀ ਰੱਖਿਆ ਹੈ। ਭਾਈ ਮਹਾਰਾਜ ਸਿੰਘ ਜੀ ਬਾਰੇ ਜੀਵਨੀ ਮੂਲਕ ਨਾਵਲ "ਵਿਦਰੋਹੀ ਸੰਤ" ਲਿਖ ਕੇ ਉਸ ਨੇ ਉੱਨੀਵੀਂ ਸਦੀ ਦੇ ਉਸ ਬਾਗ਼ੀ ਸੂਰਮੇ ਨੂੰ ਸ਼ਰਧਾਂਜਲੀ ਦਿੱਤੀ ਹੈ ਜਿਸ ਦੀ ਦਹਾੜ ਤੋਂ ਡਰਦਿਆਂ ਫ਼ਰੰਗੀ ਹਕੂਮਤ ਨੇ ਆਖ਼ਰੀ ਸਿੱਖ ਮਹਾਰਾਜਾ ਕੰਵਰ ਦਲੀਪ ਸਿੰਘ ਨੂੰ ਰਾਤੋ ਰਾਤ ਬੱਸੀਆਂ ਕੋਠੀ ਰਾਏਕੋਟ (ਲੁਧਿਆਣਾ) ਤੋਂ ਰਿਆਸਤੀ ਇਲਾਕੇ ਵਿੱਚ ਤਬਦੀਲ ਕਰ ਦਿੱਤਾ। ਉਨ੍ਹਾਂ ਨੂੰ ਡਰ ਸੀ ਕਿ ਭਾਈ ਮਹਾਰਾਜ ਸਿੰਘ ਦੀਆਂ ਨੌਰੰਗਾਬਾਦ (ਤਰਨਤਾਰਨ) ਤੋਂ ਤੁਰੀਆਂ ਘੋੜ ਸਵਾਰ ਫੌਜਾਂ ਸਾਥੋਂ ਆਪਣਾ ਆਖ਼ਰੀ ਮਹਾਰਾਜਾ ਛੁਡਵਾ ਕੇ ਲੈ ਜਾਣਗੀਆਂ।

ਇਸ ਮੌਕੇ ਬੋਲਦਿਆਂ ਪੰਜਾਬੀ ਸਾਹਿੱਤ ਅਕਾਡਮੀ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਤੇ ਜਨਰਲ ਸਕੱਤਰ ਰਹੇ ਡਾ. ਅਨੂਪ ਸਿੰਘ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਸ਼ਬਦ ਸੱਭਿਆਚਾਰ ਨਾਲ ਜੋੜਨ ਲਈ ਉਨ੍ਹਾਂ ਵਾਰਤਕ ਪੁਸਤਕ "ਸਾਧਨਾ" ਲਿਖੀ ਹੈ ਤਾਂ ਜੋ ਨਿਰੰਤਰ ਕਰਮਸ਼ੀਲ ਰਹਿਣ ਲਈ ਪ੍ਰੇਰਨਾ ਜਵਾਨੀ ਦੇ ਅੰਗ ਸੰਗ ਤੁਰੇ।

ਫ਼ਤਹਿਗੜ੍ਹ ਚੂੜੀਆਂ ਤੋਂ ਆਏ ਪੰਜਾਬੀ ਲੇਖਕ ਸੁੱਚਾ ਸਿੰਘ ਰੰਧਾਵਾ ਨੇ ਕਿਹਾ ਕਿ ਕਵਿਤਾ ਤੇ ਨਾਵਲ ਸਿਰਜਣਾ ਰਾਹੀਂ ਉਹ ਵਿਰਸੇ ਤੋਂ ਵਰਤਮਾਨ ਤੀਕ ਤੁਰੇ ਹਨ। ਭਾਈ ਮਹਾਰਾਜ ਸਿੰਘ ਤੋਂ ਬਾਦ ਹੁਣ ਉਹ 1857 ਦੇ ਗਦਰ ਵਿੱਚ ਪੰਜਾਬੀਆਂ ਦੇ ਯੋਗਦਾਨ ਬਾਰੇ ਨਾਵਲ ਲਿਖ ਰਹੇ ਹਨ। ਇਸ ਵਿੱਚ ਰਾਏ ਅਹਿਮਦ ਖਾਂ ਖਰਲ ਤੋਂ ਇਲਾਵਾ ਅਜਨਾਲਾ ਵਿੱਚ ਕਾਲਿਆਂ ਵਾਲੇ ਖੂਹ ਵਿੱਚ ਪੁਰਬੀਆਂ ਤੋਂ ਇਲਾਵਾ ਸ਼ਹੀਦ ਹੋਏ ਸਿੰਘਾਂ ਬਾਰੇ ਵੀ ਪ੍ਰਮਾਣੀਕ ਹਵਾਲਿਆਂ ਸਮੇਤ ਜ਼ਿਕਰ ਕੀਤਾ ਜਾਵੇਗਾ।

ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਦੋਹਾਂ ਲੇਖਕਾਂ ਦਾ ਧੰਨਵਾਦ ਕੀਤਾ ਜੋ ਪਿਛਲੇ ਕਈ ਸਾਲਾਂ ਤੋਂ ਸਾਹਿਤ ਸਿਰਜਣਾ ਵਿੱਚ ਲਗਾਤਾਰ ਕਰਮਸ਼ੀਲ ਹਨ ਅਤੇ ਮਾਝਾ ਖੇਤਰ ਦੇ ਕਈ ਲਿਖਣ ਪੜ੍ਹਨ ਵਾਲਿਆਂ ਦੇ ਪ੍ਰੇਰਨਾ ਸਰੋਤ ਹਨ। ਪ੍ਰੋ. ਗਿੱਲ ਨੇ ਦੋਹਾਂ ਲੇਖਕਾਂ ਨੂੰ ਅਮਰੀਕਾ ਵੱਸਦੀ ਸਮਰੱਥ ਕਹਾਣੀਕਾਰ ਪਰਵੇਜ਼ ਸੰਧੂ ਦੀ ਵਾਰਤਕ ਪੁਸਤਕ "ਕੰਗਣੀ" ਭੇਂਟ ਕੀਤੀ।

ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾ ਰਿਹਾ ਹੈ : ਸੁਖਜਿੰਦਰ ਸਿੰਘ ਤੱਖੀ

ਸੀਨੀਅਰ ਵਾਈਸ ਪ੍ਰਧਾਨ ਨੇ ਮਹਾਰਾਜਾ ਰਣਜੀਤ ਸਿੰਘ ਨਗਰ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਦਾ ਲਿਆ ਜਾਇਜ਼ਾ

ਵਰਲਡ ਪੰਜਾਬੀ ਟਾਈਮਜ਼ ਟਿਵੂ ਕੁਮਾਰ



ਕੋਟਕਪੂਰਾ, 23 ਨਵੰਬਰ : ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ਼ਹਿਰ ਦੇ ਸਰਬਪੱਖੀ ਵਿਕਾਸ ਦੀ ਲੜੀ ਨੂੰ ਅੱਗੇ ਤੋਰਦਿਆਂ, ਨਗਰ ਕੌਂਸਲ ਕੋਟਕਪੂਰਾ ਦੇ ਸੀਨੀਅਰ ਵਾਈਸ ਪ੍ਰਧਾਨ ਸੁਖਜਿੰਦਰ ਸਿੰਘ ਤੱਖੀ ਵੱਲੋਂ ਅੱਜ ਸਥਾਨਕ ਮਹਾਰਾਜਾ ਰਣਜੀਤ ਸਿੰਘ ਨਗਰ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਦਾ ਵਿਸ਼ੇਸ਼ ਤੌਰ 'ਤੇ ਜਾਇਜ਼ਾ ਲਿਆ ਗਿਆ। ਇਸ ਮੌਕੇ ਸੁਖਜਿੰਦਰ ਸਿੰਘ ਤੱਖੀ ਨੇ ਮੌਕੇ 'ਤੇ ਪਹੁੰਚ ਕੇ ਚੱਲ ਰਹੇ ਕੰਮਾਂ ਦੀ ਗੁਣਵੱਤਾ ਅਤੇ ਰਫ਼ਤਾਰ ਦਾ ਬਾਰੀਕੀ ਨਾਲ ਨਿਰੀਖਣ ਕੀਤਾ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਅਤੇ ਠੇਕੇਦਾਰਾਂ ਨੂੰ ਸਖ਼ਤ ਹਦਾਇਤ ਕੀਤੀ ਕਿ ਵਿਕਾਸ ਕਾਰਜਾਂ ਵਿੱਚ ਵਰਤੇ ਜਾ ਰਹੇ ਮਟੀਰੀਅਲ ਦੀ ਗੁਣਵੱਤਾ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਾ ਕੀਤਾ ਜਾਵੇ ਅਤੇ ਸਾਰੇ ਕੰਮ ਨਿਰਧਾਰਤ ਸਮੇਂ ਸੀਮਾ ਦੇ ਅੰਦਰ ਮੁਕੰਮਲ ਕੀਤੇ ਜਾਣ ਤਾਂ ਜੋ ਆਮ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ

ਵਰਲਡ ਪੰਜਾਬੀ ਟਾਈਮਜ਼ 23 ਨਵੰਬਰ 2026 ਦਿਨ ਸੋਮਵਾਰ

ਭੈਣ ਨਾਨਕੀ ਆਪਣੇ ਨਾਨਕ ਵੀਰ ਨੂੰ ਉਡੀਕਦਿਆਂ.....

ਭੈਣ ਨਾਨਕੀ ਪੁੱਛਦੀ ਫਿਰਦੀ,
ਏਸ ਸ਼ਹਿਰ ਵਿੱਚ ਕਿੰਨੇ ਚਿਰ ਦੀ,
ਦਿਨ ਚੜ੍ਹਿਆ ਤ੍ਰਿਕਾਲਾਂ ਢਲੀਆਂ,
ਵਿੱਚ ਸੁਲਤਾਨਪੁਰੇ ਦੀਆਂ ਗਲੀਆਂ,
ਸੂਰਜ ਵੀ ਆਪਣੇ ਘਰ ਚੱਲਿਆ,
ਬਿਰਖਾਂ ਸਾਂਭੀ ਛਾਇਆ..... ।
ਵੀਰਨ ਨਹੀਂ ਆਇਆ..... ।

ਪੰਜ ਸਦੀਆਂ ਤੋਂ ਅੱਧੀ ਉੱਤੇ ।
ਬੜੇ ਜਗਾਏ ਲੋਕੀਂ ਸੁੱਤੇ ।
ਸ਼ੀਹਾਂ ਅਤੇ ਮੁਕੱਦਮਾਂ ਮੁੜ ਕੇ,
ਸਭ ਥਾਂ ਨਾਕਾ ਲਾਇਆ ।
ਵੀਰਨ ਨਹੀਂ ਆਇਆ,

ਉਸ ਨੇ ਸਾਨੂੰ ਜਿੱਥੋਂ ਮੋੜਿਆ ।
ਭਰਮ ਦਾ ਭਾਂਡਾ ਜੋ ਜੋ ਤੋੜਿਆ ।
ਓਸੇ ਰਾਹ ਤੇ ਉਲਝੇ ਜਿੱਥੇ,
ਵਰਜਿਆ ਤੇ ਸਮਝਾਇਆ ।
ਨਾਨਕ ਨਹੀਂ ਆਇਆ ।

ਬੇਈਂ ਨੂੰ ਉਸ ਪੁੱਛਿਆ ਜਾ ਕੇ ।
ਕਿੱਥੇ ਗਿਆ ਤੇਰੇ ਜਲ ਵਿੱਚ ਨ੍ਹਾ ਕੇ ।
ਇੱਕ ਓਂਕਾਰ ਸਬਕ ਦਾ ਪਾਹਰੂ,
ਕਿਹੜੇ ਵਤਨ ਸਿਧਾਇਆ ।
ਨਾਨਕ ਨਹੀਂ ਆਇਆ..... ।

ਧਰਤੀ ਕਾਗਦਿ ਪਿਆ ਉਡੀਕੇ ।
ਆਵੇ ਮੁੜ ਕੇ ਸ਼ਬਦ ਉਲੀਕੇ ।
ਨਵੇਂ ਪੂਰਨੇ ਪਾ ਜਾਵੇ ਫਿਰ,
ਮਾਂ ਤ੍ਰਿਪਤਾ ਦਾ ਜਾਇਆ ।
ਨਾਨਕ ਨਹੀਂ ਆਇਆ..... ।

ਕੰਨ ਪਾੜਵੇਂ ਢੋਲ ਢਮੱਕੇ ।
ਪਾਪੀ ਮਨ ਵੀ ਧੁਨ ਦੇ ਪੱਕੇ ।
ਕਿਣਕਾ ਵੀ ਨਾ ਹਿੱਲਦੇ ਭੇਰਾ,
ਬਿਰਥਾ ਜਨਮ ਗਵਾਇਆ ।
ਨਾਨਕ ਨਹੀਂ ਆਇਆ..... ।

ਥਾਂ ਥਾਂ ਤੰਬੂ ਅਤੇ ਕਨਾਤਾਂ ।
ਪਹਿਲਾਂ ਨਾਲੋਂ ਕਾਲੀਆਂ ਰਾਤਾਂ ।
ਦਿਨ ਵੀ ਜਿਉਂ ਘਸਮੈਲਾ ਵਰਕਾ,
ਮਨ ਪਰਦੇਸ ਸਿਧਾਇਆ ।
ਨਾਨਕ ਨਹੀਂ ਆਇਆ..... ।

ਰਲ ਮਿਲ ਸਾਰੇ ਚੋਰਾਂ ਯਾਰਾਂ ।
ਮਨ ਖੋਟੇ ਦਿਆਂ ਠੇਕੇਦਾਰਾਂ ।
ਗਿਆਨ ਗੋਸ਼ਟਾਂ, ਵੇਚੀ ਕਵਿਤਾ,
ਜਿਸ ਹੱਥ ਜੋ ਵੀ ਆਇਆ ।
ਨਾਨਕ ਨਹੀਂ ਆਇਆ ।

ਨਾ ਇਹ ਬਾਬਰ
ਕਾਬਲੋਂ ਧਾਇਆ ।
ਨਾ ਹੀ ਫ਼ੌਜਾਂ ਨਾਲ ਲਿਆਇਆ ।
ਫਿਰ ਵੀ ਲੈ ਗਿਆ ਬੋਲ ਤੇ ਬਾਣੀ,
ਸੋਨਾ ਰੇਤ ਰੁਲਾਇਆ ।
ਨਾਨਕ ਨਹੀਂ ਆਇਆ ।
ਵੀਰਨ ਨਹੀਂ ਆਇਆ ।



ਵਰਲਡ ਪੰਜਾਬੀ ਟਾਈਮਜ਼ ਗੁਰਭਜਨ ਗਿੱਲ

ਗੁਰੂ ਜਾਂ ਭਗਤ

ਵਰਲਡ ਪੰਜਾਬੀ ਟਾਈਮਜ਼ ਸੁਖਵਿੰਦਰ ਸਿੰਘ, ਆਸਟ੍ਰੇਲਿਆ

ਗੁਰੂ ਸ਼ਬਦ ਦੀ ਵਰਤੋਂ ਅਲੱਗ ਅਲੱਗ ਭਾਸ਼ਾ ਵਿੱਚ ਅਲੱਗ ਅਲੱਗ ਸੰਦਰਭ ਵਿੱਚ ਆਇਆ ਹੈ ।ਕਈ ਸੌ ਸਾਲਾਂ ਤੋਂ ਇਸ ਨੂੰ ਗਿਆਨ ਸਿੱਖਣ ਲਈ ਉਸਤਾਦ ਦੇ ਰੂਪ ਵਿੱਚ ,ਕੰਮ ਕਾਰੋਬਾਰ ਦੇ ਵਿੱਚ ਸਿੱਖਣ ਲਈ ਉਸਤਾਦ ਜਾਂ ਗੁਰੂ ਦੇ ਰੂਪ ਦੇ ਵਿੱਚ, ਸਕੂਲ ਜਾਂ ਕਾਲਜ ਵਿੱਚ ਉਸਤਾਦ ਜਾਂ ਗੁਰੂ ਦੇ ਰੂਪ ਦੇ ਵਿੱਚ ,ਹੋਰ ਤਾਂ ਹੋਰ ਵੱਡੇ ਵੱਡੇ ਬੁੱਧੀਜੀਵੀਆਂ ਵੱਲੋਂ ਪੂਰੇ ਵਿਸ਼ਵ ਦੇ ਹਰ ਧਰਮ ਵਿੱਚ, ਹਰ ਫਿਰਕੇ ਵਿੱਚ ,ਸੰਸਾਰ ਨੇ ਮਨੁੱਖ ਦਾ ਪਹਿਲਾ ਗੁਰੂ ਜਨਮ ਤੋਂ ਬਾਅਦ ਉਸਦੀ ਮਾਂ ਨੂੰ ਮੰਨਿਆ ਹੈ। ਬਾਬਾ ਨਾਨਕ ਗੁਰੂ ਦੀ ਪਰਿਭਾਸ਼ਾ ਹੀ ਬਦਲ ਕੇ ਰੱਖ ਦਿੰਦੇ ਹਨ ਯਾਦ ਰਹੇ ਬਾਬੇ ਨਾਨਕ ਦੇ ਆਗਮਨ ਤੋਂ ਪਹਿਲਾਂ ਗੁਰੂ ਸ਼ਬਦ ਦੀ ਪਰਿਭਾਸ਼ਾ ਇਸ ਪਲਾਨਟ ਤੇ ਮੌਜੂਦ ਹੀ ਨਹੀਂ ਸੀ ।ਇਹੀ ਕਾਰਨ ਹੈ ਕਿ ਸਾਡੇ ਸਕੋਲਰ ਭਾਈ ਗੁਰਦਾਸ ਜੀ ਨੂੰ ਕਹਿਣਾ ਪਿਆ "ਮਾਰਿਆ ਸਿੱਕਾ ਜਗਤ ਵਿੱਚ ਨਾਨਕ ਨਿਰਮਲ ਪੰਥ ਚਲਾਇਆ" ਬਾਬੇ ਨਾਨਕ ਨੇ ਜਦੋਂ ਛੋਟੀ ਉਮਰ ਵਿੱਚ ਲੁਕਾਈ ਨੂੰ ਦੇਖਿਆ ਤਾਂ ਪਹਿਲਾ ਹੋਕਾ ਪਰਮਾਤਮਾ ਇੱਕ ਹੈ (ਇਕ ਓਂਕਾਰ) ਦਾ ਦਿੱਤਾ ।ਉਸ ਤੋਂ ਬਾਅਦ ਕਿਰਤ ਕਰੋ, ਨਾਮ ਜਪੋ,ਵੰਡ ਛਕੋ ਤੇ ਕਿਹਾ ਹੀ ਨਹੀਂ ਆਪ ਕਰਕੇ ਵੀ ਵਿਖਾਇਆ ।ਯਾਦ ਰਹੇ ਨਾਮ ਜਪੋ ਜਿਸ ਪਰਮਾਤਮਾ ਨੂੰ ਯਾਦ ਰੱਖਣ ਲਈ ਸਮਝਦੇ ਹਾਂ। ਜਦੋਂ ਅਸੀਂ ਬਾਬੇ ਨਾਨਕ ਦੀ ਓਚਾਰੀ ਹੋਈ ਬਾਣੀ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਇੱਥੇ ਨਾਮ ਜਪੋ ਸੱਚ ਗ੍ਰਹਿਣ ਕਰਨ, ਤੇ ਸੱਚ ਨੂੰ ਕਾਇਮ ਰੱਖਣ ਲਈ ਪਹਿਰਾ ਦੇਣ ਲਈ ਜੋਰ ਦਿੱਤਾ ਹੈ। ਇਹੀ ਕਾਰਨ ਬਣਦਾ ਹੈ ਕਿ ਸੋਸ਼ਲ ਜੀਵਨ ਵਿੱਚ ਬਰਾਬਰਤਾ ਲਿਆਉਣ ਲਈ ਜਾਤ ਪਾਤ ਨੂੰ ਵੰਗਾਰਦੇ ਹਨ। ਵੰਡ ਛਕਣ ਨੂੰ ਲੈ ਕੇ ਲੰਗਰ ਦੀ ਪ੍ਰਥਾ, ਲੋੜਵੰਦ ਦੀ ਸੇਵਾ ਦਾ ਆਗਾਜ਼ ਕਰਦੇ ਹਨ। ਇੱਥੇ ਇਹ ਵੀ ਯਾਦ ਰਹੇ ਕਿਰਤ ਕਰੋ ਨਾਮ ਜਪੋ ਤੇ ਵੰਡ ਛਕੋ ਬਾਬੇ ਨਾਨਕ ਤੋਂ ਪਹਿਲਾਂ ਵੀ ਧਰਤੀ ਤੇ ਮੌਜੂਦ ਸਨ। ਫਰਕ ਇਹ ਹੈ ਕਿ ਪਹਿਲਾਂ ਤਿੰਨੇ ਚੀਜ਼ਾਂ ਸਵਾਰਥ ਦੇ ਅਧੀਨ ਸਨ। ਬਾਬਾ ਨਾਨਕ ਇੱਕ ਨਿਰ ਸਵਾਰਥ ਤੋਂ ਪ੍ਰਗਟ ਕਰਦੇ ਹਨ। ਚਲਦੇ ਚਲਦੇ ਇਹ ਗੱਲ ਲੁਕਾਈ ਤੱਕ ਕਿਵੇਂ ਜਾਵੇ। ਗੁਰੂ ਸਾਹਿਬ ਵੋਕਲ ਮੀਡੀਏ (ਗਲਬਾਤ ਕਰਨਾ ਇਕ ਦੂਜੇ ਨਾਲ) ਦਾ ਆਗਾਜ਼ ਕਰਦੇ ਹਨ ।ਆਪਣੀ ਗੱਲ ਕਿਸੇ ਤੱਕ ਪਹੁੰਚੇ ਕਿਵੇਂ ਚਾਰ ਯਾਤਰਾਵਾਂ ਦਾ ਮਤਲਬ ਸਿਰਫ ਇਹੀ ਹੈ ।ਦੁਨੀਆਂ ਦੇ ਵਿੱਚ ਜੋ ਸਭ ਤੋਂ ਪਹਿਲਾਂ ਕਾਢ ਕੱਢਦਾ ਹੈ ਜਿਸ ਦਾ ਆਈਡੀਆ ਪਹਿਲਾ ਹੁੰਦਾ ਹੈ ਫਸਟ ਹੁੰਦਾ ਹੈ ਉਸਦੇ ਜੀਵਨ ਤੋਂ ਪਹਿਲਾਂ ਨਹੀਂ ਸੀ ਉਹ ਹੀ ਗੁਰੂ ਹੁੰਦਾ ਹੈ । ਉਦਾਹਰਨ ਦੇ ਤੌਰ ਤੇ ਜਹਾਜ਼ ਦੀ ਕਾਢ ਦੇ ਭਰਾਵਾਂ ਨੇ ਕੱਢੀ ਸੀ ।ਇਹਨਾਂ ਤੋਂ ਪਹਿਲਾਂ ਮੌਜੂਦ ਨਹੀਂ ਸੀ। ਇਸੇ ਤਰ੍ਹਾਂ ਰੇਡੀਓ ਜਾਂ ਜਿੰਨੀਆਂ ਵੀ ਅਸੀਂ ਕਾਢਾਂ ਦੇਖਦੇ ਹਾਂ ਉਹ ਪਹਿਲਾਂ ਨਹੀਂ ਸੀ ।ਬਾਬੇ ਨਾਨਕ ਨੇ ਜਿੰਨੇ ਵੀ ਆਈਡੀਜ਼ ਲਿਆਂਦੇ ਭਾਵੇਂ ਕਿ ਪਹਿਲਾਂ ਵੀ ਸੀ ਪ੍ਰੰਤੂ ਸਵਾਰਥ ਦੇ ਆਧਾਰ ਸਨ ।ਬਾਬਾ ਨਾਨਕ ਸਵਾਰਥ ਤੋਂ ਨਿਰਸਵਾਰਥ ਕਰ ਦਿੰਦੇ ਹਨ ।ਪਹਿਲਾਂ ਮੌਜੂਦ ਹੀ ਨਹੀਂ ਸੀ ਉਸ ਦੀ ਉਤਪੱਤੀ ਸਿਰਫ ਬਾਬਾ ਨਾਨਕ ਜੀ ਕਰਦੇ ਹਨ ।ਸੰਤ ਤੇ ਸਿਪਾਹੀ, ਮੀਰੀ ਤੇ ਪੀਰੀ, ਬਾਗੀ ਜਾਂ ਬਾਦਸ਼ਾਹ, ਭਗਤੀ ਤੇ ਸ਼ਕਤੀ, ਦੱਸੋ ਪਹਿਲਾਂ ਕਿਥੇ ਸੀ ।ਜਦੋਂ ਸੰਤ ਦੇ ਰੂਪ ਵਿੱਚ ਹਨ ਤਾਂ ਸੰਤ ਲਈ ਸਾਰੇ ਬਰਾਬਰ ਹਨ। ਜੇ ਸਾਰੇ ਬਰਾਬਰ ਹਨ ਗਰੀਬ ਤੇ ਅਮੀਰ ਉਹਨਾਂ ਦੀ ਜਰੂਰਤ ਪੂਰੀ ਕਰਨੀ ।ਜੇ ਸਿਪਾਹੀ ਦੇ ਰੂਪ ਵਿੱਚ ਹਨ ਤਾਂ ਲੜਾਈ ਲੜਾਂਦੇ ਹੋਏ ਲੋਕਾਂ ਲਈ ਆਵਾਜ਼ ਚੁੱਕਣੀ। ਚੋਲੇਂਜ ਸ਼ਬਦ ਤੇ ਮੁਹੱਬਤ ਪਿਆਰ ਇੱਕ ਹੀ ਸਿੱਕੇ ਦੇ ਦੋ ਪਹਿਲੂ ਦਾ ਆਈਡੀਆ ਸਿਰਫ ਨਾਨਕ ਜੀ ਦਾ ਹੈ। ਜੋ ਵੀ ਦੁਨੀਆਂ ਵਿੱਚ ਆਈਡੀਆ ਦਾ ਮਾਲਕ ਹੁੰਦਾ ਉਹੀ ਗੁਰੂ ਹੁੰਦਾ ਹੈ। ਇਸੇ ਕਰਕੇ ਸਿੱਧਾ ਨੂੰ ਕਹਿਣਾ ਪਿਆ" ਧੰਨ ਨਾਨਕ ਤੇਰੀ ਵੱਡੀ ਕਮਾਈ" ਇੱਥੇ ਇਸ ਦਾ ਮਤਲਬ ਪਰਮਾਤਮਾ ਦੀ ਤਪੱਸਿਆ ਜਾਂ ਅਰਾਧਨਾ ਨਹੀਂ ਹੈ ਇੱਥੇ, ਤੂੰ ਨਾਨਕ ਧਨ ਹੈ ਤੇਰੇ ਕੋਲ ਇੰਨੇ ਲੋਜਿਕ ਤੇ ਆਈਡੀਏ ਹਨ ਇਹ ਮਤਲਬ ਹੈ। ਨਾਨਕ ਇਸ ਕਰਕੇ ਗੁਰੂ ਹੈ ਹਰ ਇੱਕ ਆਈਡੀਆ ਭਾਵੇਂ ਮੌਜੂਦ ਸੀ ਪਰ ਉਸ ਦਾ ਮੀਨਿੰਗ ਹੀ ਬਦਲ ਦਿੱਤਾ ਤੇ ਬਰਾਬਰਤਾ ਮਨੁੱਖਤਾ ਦੇ ਵਿੱਚ ਲਿਆਂਦੀ ਜੋ ਨਹੀਂ ਸੀ। ਉਸ ਆਈਡੀਏ ਨੂੰ ਨਿਰਮਲ ਪੰਥ ,ਇੱਕ ਪਿਓਰ, ਇੱਕ ਖਾਲਸ ਰਸਤੇ ਦੀ ਸ਼ੁਰੂਆਤ ਕਰਦੇ ਹਨ। ਅਗਰ ਇਸ ਨਿਰਮਲ ਰਸਤੇ ਨੂੰ ਕੰਟੀਨਿਊ ਕਰਨਾ ਹੈ ਵੱਖਰੇ ਵੱਖਰੇ ਦ੍ਰਿਸ਼ਟੀਕੋਣ ਤੋਂ ਤਾਂ ਮੇਰੀ ਉਮਰ ਕਾਫੀ ਨਹੀਂ ਹੈ। ਜਦੋਂ ਅਸੀਂ ਆਪਣੇ ਵਰਗਾ ਕੰਮ ਹਰ ਚੀਜ਼ ਆਪਣੇ ਵਰਗੀ ਕਰਵਾਉਣਾ ਚਾਹੁੰਦੇ ਹਾਂ। ਤਾਂ ਉਸਦੀ ਤਲਾਸ਼ ਉਸ ਪੱਧਰ ਦੀ ਹੀ ਹੁੰਦੀ ਹੈ। ਉਸ ਪੱਧਰ ਤੇ ਹੀ ਜਾ ਕੇ ਅਸੀਂ ਦੇਖਦੇ ਹਾਂ। ਅਸੀਂ ਆਪਣੇ ਘਰ ਵਿੱਚ ਹੀ ਦੇਖਦੇ ਹਾਂ, ਕਿ ਅਸੀਂ ਦੋ ਮਹੀਨੇ ਬਾਹਰ ਰਹਿਣਾ ਹੋਵੇ ਤਾਂ ਮੇਰੇ ਘਰ ਵਿੱਚ ਉਹ ਮੇਰਾ ਬੇਟਾ ,ਮੇਰੀ ਮਾਂ , ਬੇਟੀ ,ਪਿਤਾ, ਭਰਾ ,ਚਾਚਾ ,ਤਾਇਆ ਕੌਣ ਇਸ ਜਿੰਮੇਵਾਰੀ ਨੂੰ ਨਿਭਾ ਸਕਦਾ ਹੈ। ਅਗਰ ਫੋਕਸਡ ਪੁਆਇੰਟ ਕੰਮ ਹੈ ਉਸ ਦੇ ਆਧਾਰ ਤੇ ਸੱਤ ਮੈਂਬਰਾਂ ਵਿੱਚੋਂ ਇੱਕ ਨੂੰ ਚੁਣਦਾ ਹੈ, ਕਿ ਇਹ ਇਸਦੀ ਯੋਗਤਾ ਰੱਖਦਾ ਹੈ, ਉਸਦਾ ਇਹ ਮਤਲਬ ਬਿਲਕੁਲ ਨਹੀਂ ਹੁੰਦਾ ,ਕਿ ਉਹ ਘਰ ਦੀ ਨੂੰ ਪਿਆਰ ਨਹੀਂ ਕਰਦਾ, ਮਾਤਾ ਨੂੰ ਪਿਆਰ ਨਹੀਂ ਕਰਦਾ, ਪਿਓ ਨੂੰ ਪਿਆਰ ਨਹੀਂ ਕਰਦਾ। ਜਦੋਂ ਅਸੀਂ ਨਿਜ ਦੇ ਜੀਵਨ ਵਿੱਚ ਛੋਟਾ ਕੰਮ ਕਰਨ ਲਈ ਵੀ ਸੋਚਦੇ ਹਾਂ ਕਿ ਯੋਗ ਬੰਦਾ ਕੌਣ ਹੈ। ਬਾਬੇ ਨਾਨਕ ਨੇ ਆਪਣੀ ਗੱਲ ਅੱਗੇ ਤੋਰਨੀ ਹੈ। ਆਪਣੇ ਵਰਗਾ ਹੀ ਪੈਦਾ ਕਰਨਾ ਪਵੇਗਾ। ਅਲੱਗ ਅਲੱਗ ਸਰੋਤਾਂ ਦੇ ਮੁਤਾਬਿਕ ਦੋਨੋਂ ਸਪੁੱਤਰ, ਬਾਬਾ ਬੁੱਢਾ ਜੀ ,ਭਾਈ ਲਹਿਣਾ ਜੀ, ਜਾਂ ਕੋਈ ਹੋਰ ਵੀ ਮਨੁੱਖ ਬਾਬੇ ਨਾਨਕ ਦੇ ਸਾਹਮਣੇ ਖੜੇ ਹਨ। ਹਰ ਬੰਦੇ ਦਾ ਦੂਜੇ ਨੂੰ ਚੈੱਕ ਕਰਨਾ, ਟੈਸਟ ਲੈਣਾ, ਪ੍ਰਖਿਆ ਲੈਣੀ ਉਸ ਦਾ ਤਰੀਕਾ ਅਪਣਾ ਅਪਣਾ ਹੁੰਦਾ ਹੈ। ਬਾਬੇ ਨਾਨਕ ਨੇ ਆਪਣੇ ਇਸ ਵੱਖਰੇ ਰਸਤੇ ਨੂੰ ਕੰਟੀਨਿਊ ਰੱਖਣ ਲਈ ਭਾਈ ਲਹਿਣਾ ਜੀ ਦੀ ਚੋਣ ਕਰਦੇ ਹਨ ।ਉਹਨਾਂ ਵਿੱਚ ਉਹੀ ਜਿੰਮੇਵਾਰੀ ,ਉਹੀ ਵੱਖਰੇ ਰਸਤੇ ਨੂੰ ਅੱਗੇ ਤੋਰਨ ਦੀ ਸਮਰਥਾ ਇਹ ਹੀ ਮਨੁੱਖ ਵਿੱਚ ਹੈ ।

ਆਪਣੀ ਜਗ੍ਹਾ, ਆਪਣੀ ਗੱਦੀ,ਭਾਈ ਲਹਿਣੇ ਨੂੰ ਆਪਣਾ ਹੀ ਰੂਪ ਬਣਾ ਕੇ ਅੰਗਦ ਦੇਵ ਜੀ ਕਹਿ ਕੇ ਉਸ ਗੁਰੂ ਜੋ ਆਪ ਹਰ ਚੀਜ਼ ਦੇ ਫਾਊਂਡਰ ਹਨ, ਉਸਤਾਦ ਹਨ, ਗੁਰੂ ਹਨ ਨੇ ਅੰਗ ਨਾਲ ਲਾ ਕੇ ਗੁਰੂ ਅੰਗਦ ਬਣਾ ਦਿੱਤਾ ।
ਬਾਕੀ ਅਗਲੇ ਵਿੱਚ।

" ਅੰਤਰਰਾਸ਼ਟਰੀ ਸਾਹਿਤਕ ਸਾਂਝਾਂ' ਦੇ 61ਵੇਂ 'ਸਿਰਜਣਾ ਦੇ ਆਰ-ਪਾਰ' ਰੂਬਰੂ ਵਿੱਚ ਪ੍ਰੋ. ਡਾ . ਜਗਬੀਰ ਸਿੰਘ ਨਾਲ ਭਾਰਤੀ ਗਿਆਨ ਪਰੰਪਰਾ, ਗੁਰਮਤਿ ਚਿੰਤਨ ਅਤੇ ਜੀਵਨ ਦਰਸ਼ਨ ਦੇ ਵਿਭਿੰਨ ਪਹਿਲੂਆਂ ਉੱਤੇ ਹੋਇਆ ਸਾਰਥਕ ਸੰਵਾਦ ਯਾਦਗਾਰੀ ਹੋ ਨਿਬੜਿਆ "

ਵਰਲਡ ਪੰਜਾਬੀ ਟਾਈਮਜ਼ ਰਮਿੰਦਰ ਰੰਮੀ

ਬਰੈਂਪਟਨ, 23 ਨਵੰਬਰ : ਅੰਤਰਰਾਸ਼ਟਰੀ ਸਾਹਿਤਕ ਸਾਂਝਾਂ (ਕੈਨੇਡਾ) ਵੱਲੋਂ ਸਾਹਿਤ, ਸੱਭਿਆਚਾਰ ਅਤੇ ਚਿੰਤਨ ਦੇ ਖੇਤਰ ਵਿੱਚ ਨਿਰੰਤਰ ਨਵੀਆਂ ਪੈੜਾਂ ਸਿਰਜ ਰਹੇ ਆਪਣੇ ਹਰਮਨਪਿਆਰੇ ਸਾਹਿਤਕ ਲੜੀਵਾਰ ਪ੍ਰੋਗਰਾਮ 'ਸਿਰਜਣਾ ਦੇ ਆਰ-ਪਾਰ' ਦੀ 61ਵੀਂ ਕੜੀ ਤਹਿਤ ਭਾਰਤੀ ਗਿਆਨ ਪਰੰਪਰਾ ਦੇ ਉੱਘੇ ਵਿਦਵਾਨ, ਪ੍ਰਸਿੱਧ ਸਾਹਿਤਕ ਆਲੋਚਕ, ਚਿੰਤਕ ਅਤੇ ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ, ਬਠਿੰਡਾ ਦੇ ਚਾਂਸਲਰ ਪ੍ਰੋ. ਡਾ. ਜਗਬੀਰ ਸਿੰਘ ਨਾਲ ਵਿਸ਼ੇਸ਼ ਆਨਲਾਈਨ ਰੂਬਰੂ ਕਰਵਾਇਆ ਗਿਆ। ਗਿਆਨ, ਅਨੁਭਵ, ਅਧਿਆਤਮਕ ਚਿੰਤਨ ਅਤੇ ਜੀਵਨ ਮੁੱਲਾਂ ਦੇ ਸੁਮੇਲ ਵਾਲਾ ਇਹ ਰੂਬਰੂ ਇੱਕ ਯਾਦਗਾਰੀ ਬੌਧਿਕ ਸੰਵਾਦ ਹੋ ਨਿੱਬੜਿਆ। ਜ਼ੂਮ ਅਤੇ ਫੇਸਬੁੱਕ ਲਾਈਵ ਰਾਹੀਂ ਕਰਵਾਏ ਗਏ ਇਸ ਸਮਾਗਮ ਵਿੱਚ ਭਾਰਤ, ਕੈਨੇਡਾ ਅਤੇ ਹੋਰ ਦੇਸ਼ਾਂ ਤੋਂ ਸਾਹਿਤਕਾਰਾਂ, ਵਿਦਵਾਨਾਂ ਅਤੇ ਸਾਹਿਤ ਪ੍ਰੇਮੀਆਂ ਨੇ ਉਤਸ਼ਾਹਪੂਰਵਕ ਸ਼ਮੂਲੀਅਤ ਕੀਤੀ।



ਪ੍ਰੋਗਰਾਮ ਦਾ ਆਗਾਜ਼ ਸੰਸਥਾ ਦੀ ਫ਼ਾਊਂਡਰ, ਪ੍ਰਧਾਨ ਅਤੇ ਪ੍ਰਬੰਧਕ ਰਮਿੰਦਰ ਵਾਲੀਆ (ਰੰਮੀ) ਵੱਲੋਂ ਨਿੱਘੇ ਸਵਾਗਤੀ ਸ਼ਬਦਾਂ ਨਾਲ ਕੀਤਾ ਗਿਆ। ਉਨ੍ਹਾਂ ਨੇ ਸੰਸਥਾ ਦੇ ਸਾਹਿਤਕ ਉਦੇਸ਼ਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ 'ਸਿਰਜਣਾ ਦੇ ਆਰ-ਪਾਰ' ਕੇਵਲ ਸਾਹਿਤਕ ਸ਼ਖ਼ਸੀਅਤਾਂ ਨਾਲ ਜਾਣ-ਪਛਾਣ ਕਰਵਾਉਣ ਦਾ ਮੰਚ ਹੀ ਨਹੀਂ, ਸਗੋਂ ਵੱਖ-ਵੱਖ ਪੀੜ੍ਹੀਆਂ ਅਤੇ ਦੇਸ਼ਾਂ ਵਿਚਕਾਰ ਗਿਆਨ, ਅਨੁਭਵ ਅਤੇ ਵਿਚਾਰਾਂ ਦੀ ਸਾਂਝ ਪੈਦਾ ਕਰਨ ਦਾ ਮਹੱਤਵਪੂਰਨ ਉਪਰਾਲਾ ਹੈ। ਕਨਵੀਨਰ ਡਾ. ਬਲਜੀਤ ਕੌਰ ਰਿਆੜ ਨੇ ਪ੍ਰੋ. ਡਾ. ਜਗਬੀਰ ਸਿੰਘ ਦੀ ਵਿਲੱਖਣ ਸ਼ਖ਼ਸੀਅਤ, ਅਕਾਦਮਿਕ ਪ੍ਰਾਪਤੀਆਂ ਅਤੇ ਪੰਜਾਬੀ ਸਾਹਿਤਕ ਆਲੋਚਨਾ ਵਿੱਚ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਬਾਰੇ ਜਾਣ-ਪਛਾਣ ਕਰਵਾਈ।

ਇਸ ਵਿਸ਼ੇਸ਼ ਰੂਬਰੂ ਦਾ ਸੰਚਾਲਨ ਸੰਸਥਾ ਦੀ ਵਾਈਸ ਚੇਅਰਪਰਸਨ ਅਤੇ ਹੰਸ ਰਾਜ ਮਹਿਲਾ ਮਹਾਵਿਦਿਆਲਾ, ਜਲੰਧਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਕੁਲਜੀਤ ਕੌਰ ਨੇ ਕੀਤਾ। ਉਨ੍ਹਾਂ ਨੇ ਪ੍ਰੋ. ਡਾ. ਜਗਬੀਰ ਸਿੰਘ ਦੇ ਜੀਵਨ, ਸਾਹਿਤਕ ਸਾਧਨਾ, ਆਲੋਚਨਾ ਦ੍ਰਿਸ਼ਟੀ, ਗੁਰਬਾਣੀ ਅਧਿਐਨ ਅਤੇ ਭਾਰਤੀ ਗਿਆਨ ਪਰੰਪਰਾ ਨਾਲ ਸਬੰਧਿਤ ਵਿਭਿੰਨ ਪ੍ਰਸ਼ਨਾਂ ਰਾਹੀਂ ਸੰਵਾਦ ਨੂੰ ਡੂੰਘਾਈ ਅਤੇ ਸਾਰਥਕ ਦਿਸ਼ਾ ਪ੍ਰਦਾਨ ਕੀਤੀ।

ਰੂਬਰੂ ਦੌਰਾਨ ਪ੍ਰੋ. ਡਾ. ਜਗਬੀਰ ਸਿੰਘ ਨੇ ਭਾਰਤੀ ਗਿਆਨ ਪਰੰਪਰਾ, ਵੇਦਾਂ, ਗੁਰਬਾਣੀ ਅਤੇ ਮੱਧਕਾਲੀ ਪੰਜਾਬੀ ਸਾਹਿਤ ਦੇ ਆਪਸੀ ਸਬੰਧਾਂ ਬਾਰੇ ਵਿਸਥਾਰਪੂਰਵਕ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਭਾਰਤੀ ਗਿਆਨ ਪਰੰਪਰਾ ਸਦੀਆਂ ਤੋਂ ਮਨੁੱਖ ਨੂੰ ਸੱਚ, ਚੇਤਨਾ ਅਤੇ ਜੀਵਨ ਦੇ ਗੂੜ੍ਹ ਰਹੱਸਾਂ ਨਾਲ ਜੋੜਦੀ ਆ ਰਹੀ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ ਵੇਦਾਂ ਤੋਂ ਪ੍ਰਵਾਹਮਾਨ ਗਿਆਨ ਦੀ ਨਿਰੰਤਰ ਧਾਰਾ ਗੁਰਬਾਣੀ ਵਿੱਚ ਆਪਣੀ ਉੱਚਤਮ ਅਧਿਆਤਮਕ ਅਤੇ ਮਾਨਵੀ ਅਭਿਵਿਅਕਤੀ ਪ੍ਰਾਪਤ ਕਰਦੀ ਹੈ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਜ਼ੋਰ ਦਿੱਤਾ ਕਿ ਗੁਰਬਾਣੀ ਕੇਵਲ ਅਧਿਆਤਮਕ ਮੁਕਤੀ ਦਾ ਮਾਰਗ ਹੀ ਨਹੀਂ ਦਿਖਾਉਂਦੀ, ਸਗੋਂ ਮਨੁੱਖ ਨੂੰ ਪਰਮ ਸੱਚ ਦੀ ਸੋਝੀ, ਨੈਤਿਕ ਸਾਹਸ ਅਤੇ ਅਨਿਆਂ ਵਿਰੁੱਧ ਪ੍ਰਤੀਰੋਧ ਦੀ ਚੇਤਨਾ ਵੀ ਪ੍ਰਦਾਨ ਕਰਦੀ ਹੈ।

ਸੰਵਾਦ ਦਾ ਇੱਕ ਬੇਹੱਦ ਦਿਲਚਸਪ ਪਲ ਉਸ ਸਮੇਂ ਆਇਆ ਜਦੋਂ ਪ੍ਰੋ. ਡਾ. ਜਗਬੀਰ ਸਿੰਘ ਨੇ ਰਿਗਵੇਦ ਦੇ ਪ੍ਰਸਿੱਧ 'ਨਾਸਦੀਯ ਸੂਕਤ' ਦੇ ਆਪਣੇ ਵੱਲੋਂ ਕੀਤੇ ਪੰਜਾਬੀ ਕਾਵਿ-ਅਨੁਵਾਦ ਦੀਆਂ ਸਤਰਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਉਨ੍ਹਾਂ ਦੀ ਇਸ ਪੇਸ਼ਕਾਰੀ ਨੇ ਸੰਸਕ੍ਰਿਤ ਅਤੇ ਪੰਜਾਬੀ ਭਾਸ਼ਾ ਦੀ ਸਾਂਝ ਦੇ ਨਾਲ-